# ਪੰਜਾਬ ਕਲਾ ਪ੍ਰੀਸ਼ਦ ਕਿਧਰ ਤੁਰ ਪਈ ਹੈ ?

ਪੰਜਾਬ ਕਲਾ ਪ੍ਰੀਸ਼ਦ ਦਾ ਆਪਣਾ ਇਕ ਇਤਿਹਾਸ ਹੈ। ਕੋਈ 30 ਸਾਲ ਪਹਿਲਾਂ ਡਾ. ਐਮ.ਐਸ. ਰੰਧਾਵਾ ਦੀਆਂ ਕੋਸ਼ਿਸ਼ਾਂ ਨਾਲ ਇਹ ਕਲਾ ਪ੍ਰੀਸ਼ਦ ਦਾ ਅਦਾਰਾ ਹੋਂਦ ਵਿਚ ਆਇਆ। ਚੰਡੀਗੜ੍ਹ ਰੋਜ਼ ਗਾਰਡਨ ਦੀ ਇਕ ਨੁੱਕਰ ਵਿਚ ਇਕ ਕੰਪਲੈਕਸ ਡੀਜ਼ਾਇਨ ਕੀਤਾ ਗਿਆ। ਕਿਹਾ ਜਾ ਸਕਦਾ ਹੈ ਕਿ ਇਹ ਕੰਪਲੈਕਸ ਆਪਣੇ ਆਪ ਵਿਚ ਇਕ ਪ੍ਰਾਪਤੀ ਹੈ। ਇਹਦੇ ਖੁੱਲ੍ਹੇ ਵਿਹੜੇ, ਖੁੱਲ੍ਹੇ ਲਾਅਨ, ਛੋਟਾ ਜਿਹਾ ਓਪਨ ਏਅਰ ਥੀਏਟਰ, ਬੇਸਮੈਂਟ ਵਿਚ ਚਿਤ੍ਰਕਲਾ ਦਾ ਨੁਮਾਇਸ਼ੀ ਹਾਲ, ਇਕ ਛੋਟਾ ਸੈਮੀਨਾਰ ਹਾਲ, ਮੀਟਿੰਗ ਹਾਲ, ਗੈਸਟ ਹਾਊਸ, ਸਭ ਕੁਝ ਇਥੇ ਮੁਹੱਈਆ ਹਨ। ਕਲਾ ਵਾਸਤੇ ਇਕ ਕੇਂਦਰ ਬਣਨ ਲਈ ਪੰਜਾਬ ਕਲਾ ਭਵਨ ਵਿਚ ਪੂਰੀਆਂ ਸੰਭਾਵਨਾਵਾਂ ਹਨ। ਕਲਾ ਪ੍ਰੀਸ਼ਦ ਦਾ ਇਕ ਕਾਰਪੋਰੇਟ ਫੰਡ ਹੈ, ਜਿਸ ਦੇ ਸਾਲਾਨਾ ਸੂਦ ਨਾਲ ਕਲਾ ਪ੍ਰੀਸ਼ਦ ਦੀਆਂ ਸਰਗਰਮੀਆਂ ਚਲਦੀਆਂ ਹਨ। ਡਾ. ਰੰਧਾਵਾ ਦੀ ਯਾਦ ਵਿਚ ਸਿਰ ਝੁਕਦਾ ਹੈ ਜਿਸ ਦੇ ਅਨੁਭਵੀ ਸੰਕਲਪ ਨਾਲ ਇਹ ਕਲਾ ਪ੍ਰੀਸ਼ਦ ਹੋਂਦ ਵਿਚ ਆਈ।

ਪਹਿਲੀ ਅਗਸਤ (ਐਤਵਾਰ) ਨੂੰ ਇਸ ਕਲਾ ਪ੍ਰੀਸ਼ਦ ਦਾ ਜੋਬਨ ਵੇਖਣ ਵਾਲਾ ਸੀ। ਇਹਦੇ ਮੁੱਖ ਲੌਬੀ ਹਾਲ ਵਿਚ ਪੰਜਾਬ ਭਰ ਦੇ ਚਿੱਤਰਕਾਰ ਕਾਰਗਿਲ ਦੇ ਸ਼ਹੀਦਾਂ ਦੀ ਯਾਦ ਵਿਚ ਕੈਨਵੈਸ ਉਤੇ ਬੁਰਸ਼ ਅਤੇ ਰੰਗਾਂ ਨਾਲ ਆਪਣੀ ਆਪਣੀ ਕਲਾ ਦਾ ਪ੍ਰਗਟਾਵਾ ਕਰਨ ਵਿਚ ਰੁੱਝੇ ਹੋਏ ਸਨ। ਇਥੇ ਉਹ ਪੰਜਾਬ ਕਲਾ ਪ੍ਰੀਸ਼ਦ ਦੀ ਇਕਾਈ, ਪੰਜਾਬ ਲਲਿਤ ਕਲਾ ਅਕੈਡਮੀ ਦੇ ਸੱਦੇ ਉਤੇ ਇਕੱਠੇ ਹੋਏ ਸਨ।

ਪੰਜਾਬ ਕਲਾ ਪ੍ਰੀਸ਼ਦ ਦੀਆਂ ਤਿੰਨ ਅਕੈਡਮੀਆਂ ਹਨ। ਤਿੰਨੇ ਅਕੈਡਮੀਆਂ ਨਾਲ ਪੰਜਾਬ ਦਾ ਸ਼ਬਦ ਜੁੜਦਾ ਹੈ। ਪੰਜਾਬ ਸੰਗੀਤ ਨਾਟਕ ਅਕੈਡਮੀ, ਪੰਜਾਬ ਸਾਹਿਤ ਅਕੈਡਮੀ, ਪੰਜਾਬ ਲਲਿਤ ਕਲਾ ਅਕੈਡਮੀ। ਭਾਵੇਂ ਪੰਜਾਬ ਕਲਾ ਪ੍ਰੀਸ਼ਦ ਕਾਇਮ ਚੰਡੀਗੜ੍ਹ ਵਿਚ ਹੈ ਪਰ ਇਹਦੀਆਂ ਸਰਗਰਮੀਆਂ ਮੁੱਖ ਤੌਰ 'ਤੇ ਪੰਜਾਬ ਵਿਚ ਕਲਾ ਦੇ ਵਿਕਾਸ ਲਈ ਹਨ।

ਜਿਹੜੇ ਚਿੱਤਰਕਾਰ ਹੁਣ ਵਾਲੀ ਵਰਕਸ਼ਾਪ ਵਿਚ ਹਾਜ਼ਰ ਸਨ, ਉਨ੍ਹਾਂ ਵਿਚ ਜਰਨੈਲ ਸਿੰਘ, ਜੇ.ਐਸ. ਗਰਚਾ, ਸਤਵੰਤ ਸਿੰਘ, ਦਵਿੰਦਰ ਸਿੰਘ, ਰਜਿੰਦਰ ਕੌਰ, ਆਰ.ਐਮ. ਸਿੰਘ, ਸੁਮੇਲ, ਜਸਪਾਲ ਸਿੰਘ, ਪ੍ਰਭਿੰਦਰ ਲਾਲ, ਸੁਭਾਸ਼, ਸੁਰਜੀਤ ਸਿੰਘ, ਅਜੀਤ ਸਿੰਘ ਜੱਬਲ, ਜਸਕੰਵਲਜੀਤ ਕੌਰ ਆਦਿ ਪੰਜਾਬ ਭਰ ਤੋਂ ਜਾਣੇ-ਪਛਾਣੇ ਨਾਂ ਸਨ ਅਤੇ ਨਵੇਂ ਚਿੱਤਰਕਾਰ ਵੀ ਸ਼ਾਮਲ ਸਨ। ਸਭ ਕਾਰਗਿਲ ਦੇ ਸ਼ਹੀਦਾਂ ਨੂੰ ਆਪਣੀ ਸ਼ਰਧਾਂਜਲੀ ਦਿੰਦੇ ਹੋਏ ਜੰਗ ਅਤੇ ਅਮਨ ਦੀ ਗੱਲ ਕਰ ਰਹੇ ਸਨ। ਉੱਚੀ ਪੱਧਰ ਦੀ ਕਲਾ ਉਨ੍ਹਾਂ ਦੇ ਚਿੱਤਰਾਂ ਵਿਚ ਰੂਪਵਾਨ ਸੀ।

ਥੱਲੇ ਸੈਮੀਨਾਰ ਹਾਲ ਵਿਚ ਸਾਹਿਤ ਚਿੰਤਨ ਵਲੋਂ ਇਕ ਸਾਹਿਤਕ ਗੋਸ਼ਟੀ ਇਸ ਮੁੱਦੇ ਉਤੇ ਚੱਲ ਰਹੀ ਸੀ ਕਿ ਸਾਹਿਤ ਦੀ ਸਮਾਜ ਵਿਚ ਕੀ ਭੂਮਿਕਾ ਹੈ। ਸਾਹਿਤ ਲੋਕਾਂ ਨਾਲ ਕਿਸ ਤਰ੍ਹਾਂ ਜੁੜ ਸਕਦਾ ਹੈ। ਇਸ ਗੋਸ਼ਟੀ ਵਿਚ ਡਾ. ਮਾਨ ਸਿੰਘ ਨਿਰੰਕਾਰੀ, ਡਾ. ਹਰਨਾਮ ਸਿੰਘ ਸ਼ਾਨ, ਡਾ. ਗੁਰਚਰਨ ਸਿੰਘ, ਹਰਭਜਨ ਹਲਵਾਰਵੀ, ਐਮ.ਐਸ. ਰੰਧਾਵਾ, ਮੋਹਨ ਲਾਲ ਰਾਹੀ, ਰਜਿੰਦਰ ਸਿੰਘ ਰਾਜ਼ ਆਦਿ ਸਾਹਿਤਕਾਰ ਸ਼ਾਮਲ ਸਨ। ਸਾਢੇ ਬਾਰਾਂ ਵਜੇ ਦੁਪਹਿਰੇ ਇਹ ਸਾਹਿਤਕਾਰ ਆਪਣੀ ਗੋਸ਼ਟੀ ਦੇ ਬਾਅਦ ਚਿੱਤਰਕਾਰਾਂ ਨਾਲ ਉਨ੍ਹਾਂ ਦੀ ਚਿੱਤਰ ਕਲਾ ਬਾਰੇ ਵੀ ਗੱਲਾਂ ਕਰ ਰਹੇ ਸਨ। ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਕਲਾ ਨਾਲ ਜੁੜੇ ਸਾਹਿਤਕਾਰ ਅਤੇ ਚਿੱਤਰਕਾਰ ਉਥੇ ਮੌਜੂਦ ਸਨ। ਉਹ ਸਭ ਉਥੇ ਤਾਂ ਹੀ ਇਕੱਠੇ ਸਨ ਕਿ ਪੰਜਾਬ ਕਲਾ ਪ੍ਰੀਸ਼ਦ ਕਾਇਮ ਹੈ। ਉਹਦੇ ਸੈਮੀਨਾਰ ਹਾਲ ਕਾਇਮ ਹਨ। ਉਹਦੇ ਵਿਹੜੇ ਕਾਇਮ ਹਨ।

## ਕਲਾ ਤੇ ਜ਼ਿੰਦਗੀ



**ਗੁਰਸ਼ਰਨ ਸਿੰਘ**

ਉਥੇ ਰੰਗਕਰਮੀ ਵੀ ਹਾਜ਼ਰ ਸਨ। ਡਾ. ਸਾਹਿਬ ਸਿੰਘ ਅਤੇ ਸੰਜੀਵਨ ਸਿੰਘ। ਉਹ ਪੰਜਾਬ ਦੇ ਰੰਗਕਰਮੀਆਂ ਦੀ ਸੰਸਥਾ ਦੇ ਅਹੁਦੇਦਾਰ ਹਨ। ਉਹ ਆਪਣੇ ਰੋਸ ਦੀ ਆਵਾਜ਼ ਲੈ ਕੇ ਹਾਜ਼ਰ ਸਨ। ਕਲਾ ਪ੍ਰੀਸ਼ਦ ਦੇ ਅਹੁਦੇਦਾਰਾਂ ਨੇ ਕਲਾ ਪ੍ਰੀਸ਼ਦ ਦੇ ਦਰਵਾਜ਼ੇ ਕਲਾਕਾਰਾਂ ਲਈ ਬੰਦ ਕਰਨ ਦੇ ਕੁਝ ਫੈਸਲੇ ਲਏ ਹਨ ਜਿਨ੍ਹਾਂ ਵਿਚੋਂ ਇਕ ਫੈਸਲਾ ਹੈ ਕਿ ਨਾਟਕ ਟੀਮ ਕੋਲੋਂ ਕਲਾ ਭਵਨ ਵਿਚ ਰੀਹਰਸਲ ਕਰਨ ਦੀ ਫੀਸ ਲਈ ਜਾਵੇ। ਇਹ ਫੀਸ 200 ਰੁਪਏ ਪ੍ਰਤੀ ਰੀਹਰਸਲ ਤਕ ਮਿੱਥੀ ਗਈ ਹੈ। ਜੇ ਕਿਸੇ ਟੀਮ ਨੇ 10 ਦਿਨ ਰੀਹਰਸਲ ਕਰਨੀ ਹੈ ਤਾਂ ਉਹ 2000 ਰੁਪਏ ਕਲਾ ਪ੍ਰੀਸ਼ਦ ਨੂੰ ਅਦਾ ਕਰੇ। ਇਸੇ ਤਰ੍ਹਾਂ ਸੈਮੀਨਾਰ ਹਾਲ ਦੀ ਫੀਸ 100 ਤੋਂ ਵਧਾ ਕੇ 250 ਰੁਪਏ ਕਰ ਦਿੱਤੀ ਗਈ ਹੈ। ਦਲੀਲ ਇਹ ਹੈ ਕਿ ਕਲਾ ਪ੍ਰੀਸ਼ਦ ਦੀ ਮਾਲੀ ਹਾਲਤ ਨੂੰ ਸੁਧਾਰਿਆ ਜਾਵੇ।

ਹਿਸਾਬ ਲਾਇਆ ਜਾਏ ਤਾਂ ਕਲਾਕਾਰਾਂ ਕੋਲੋਂ ਉਗਰਾਹੀ ਫੀਸ 2000 ਜਮ੍ਹਾਂ 200 ਜਮ੍ਹਾਂ 2000 ਜਮ੍ਹਾਂ 2000 .... ਸਾਲ ਵਿਚ ਦਸ-ਪੰਦਰਾਂ ਹਜ਼ਾਰ ਤੋਂ ਨਹੀਂ ਵਧ ਸਕਦੀ, ਭਾਵ ਕਲਾ ਪ੍ਰੀਸ਼ਦ ਦਾ ਫੰਡ 15 ਲੱਖ ਤੋਂ 15 ਲੱਖ, 20 ਹਜ਼ਾਰ ਹੋ ਜਾਏਗਾ। ਇਹ ਵਾਧਾ ਬਿਲਕੁਲ ਹੀ ਮਾਮੂਲੀ ਹੋਵੇਗਾ ਪਰ ਇਹਦੇ ਨਾਲ ਕਲਾਕਾਰਾਂ ਦੇ ਜਜ਼ਬਾਤ ਨੂੰ ਜੋ ਠੇਸ ਲੱਗੀ ਹੈ, ਕੀ ਉਹਦਾ ਮੁੱਲ ਪਾਇਆ ਜਾ ਸਕਦਾ ਹੈ? ਕੀ ਡਾ. ਰੰਧਾਵਾ ਨੇ ਕਲਾ ਪ੍ਰੀਸ਼ਦ ਦੀ ਨੀਂਹ ਇਸ ਕਰਕੇ ਰੱਖੀ ਸੀ ਕਿ ਕਲਾਕਾਰਾਂ ਨੂੰ ਇਹ ਅਹਿਸਾਸ ਦਿਵਾਇਆ ਜਾਏ ਕਿ "ਕਲਾਕਾਰੋ, ਤੁਸੀਂ ਸ਼ੈਅ ਹੀ ਕੀ ਹੋ ? ਤੁਹਾਡੇ ਜਜ਼ਬਿਆਂ, ਅਰਮਾਨਾਂ, ਉਮੰਗਾਂ ਦੀ ਕੀਮਤ ਹੀ ਕੀ ਹੈ ?"

ਨੈਤਿਕਤਾ ਦੇ ਤੌਰ 'ਤੇ ਮੁਕਾਬਲਾ ਕਰਨਾ ਠੀਕ ਨਹੀਂ ਹੁੰਦਾ ਕਿਉਂਕਿ ਕਲਾ ਪ੍ਰੀਸ਼ਦ ਦੇ ਅਹੁਦੇਦਾਰ ਦੀ ਟੀਮ ਦਾ 1991-94 ਵਿਚ ਮੈਂ ਆਪ ਇਕ ਮੈਂਬਰ ਸੀ ਪਰ ਫਿਰ ਵੀ ਇਸ ਮੌਕੇ ਉਤੇ ਮੁਕਾਬਲਾ ਕਰਨਾ ਬਣਦਾ ਹੈ। ਉਸ ਦੌਰ ਵਿਚ ਕਲਾ ਭਵਨ ਵਿਚ ਓਪਨ ਏਅਰ ਥੀਏਟਰ ਵੀ ਬਣਿਆ, ਸੈਮੀਨਾਰ ਹਾਲ ਵੀ ਬਣਿਆ, ਚਿੱਤਰਕਲਾ ਨੁਮਾਇਸ਼ੀ ਹਾਲ ਵੀ ਬਣਿਆ। ਪੰਜਾਬ ਕਲਾ ਪ੍ਰੀਸ਼ਦ ਦੀ ਪਛਾਣ ਵੱਡੇ ਵੱਡੇ ਸਮਾਗਮ ਕਰਕੇ ਪੰਜਾਬ ਭਰ ਵਿਚ ਬਣਾਈ ਗਈ। 1991-94 ਵਿਚ ਕਲਾ ਪ੍ਰੀਸ਼ਦ ਦੇ ਵਿਹੜੇ ਸ਼ਾਮ ਨੂੰ ਕਲਾਕਾਰਾਂ ਦੀਆਂ ਰੌਣਕਾਂ ਦੇ ਵਿਹੜੇ ਹੁੰਦੇ ਸਨ। ਕਿਧਰੇ ਨਾਟਕ ਦੀ ਰੀਹਰਸਲ ਹੋ ਰਹੀ ਹੈ, ਕਿਧਰੇ ਭੰਗੜੇ ਦੀ ਰੀਹਰਸਲ ਹੋ ਰਹੀ ਹੈ, ਕਿਧਰੇ ਹੀਰ-ਰਾਂਝਾ ਨਾਚ ਨਾਟਕ ਤਿਆਰ ਕੀਤਾ ਜਾ ਰਿਹਾ ਹੈ। ਕਲਾਕਾਰਾਂ ਕੋਲੋਂ ਫੀਸ ਕੀ ਲੈਣੀ ਸੀ, ਸਗੋਂ ਵਿਹੜਿਆਂ ਵਿਚ ਲਾਈਟਾਂ ਲਗਾਈਆਂ ਗਈਆਂ ਤਾਂ ਕਿ ਰੀਹਰਸਲ ਲਈ ਸਹੂਲਤ ਮੁਹੱਈਆ ਹੋ ਸਕੇ। ਪਰ ਕਹਿਣਾ ਬਣਦਾ ਹੈ ਕਿ 1994 ਤੋਂ ਬਾਅਦ ਜਿਹੜੀ ਅਹੁਦੇਦਾਰਾਂ ਦੀ ਟੀਮ ਆਈ, ਉਹਨੇ ਮਿਥ ਕੇ ਪੰਜਾਬ ਕਲਾ ਭਵਨ ਨੂੰ ਇਕ ਸਜਾਵਟੀ ਦਫਤਰ ਬਣਾ ਦਿੱਤਾ ਅਤੇ ਇਹ ਨੀਤੀ ਬਣਾਈ ਕਿ ਕਲਾਕਾਰ ਨੇੜੇ ਨਾ ਫਟਕਣ।

1999 ਵਿਚ ਹੁਣ ਵਾਲੀ ਟੀਮ ਜਦੋਂ ਕਾਇਮ ਹੋਈ ਤਾਂ ਇਨ੍ਹਾਂ ਨੇ ਦਾਅਵਾ ਕੀਤਾ ਕਿ ਇਹ ਨੀਤੀ ਬਦਲੀ ਜਾਏਗੀ। ਕਲਾ ਭਵਨ ਬੁਨਿਆਦੀ ਤੌਰ 'ਤੇ ਕਲਾਕਾਰਾਂ ਲਈ ਹੋਵੇਗਾ ਪਰ ਤਿੰਨ-ਚਾਰ ਮਹੀਨਿਆਂ ਦੇ ਅੰਦਰ ਹੀ ਇਹ ਸਾਰੇ ਦਾਅਵੇ ਝੂਠੇ ਪੈ ਗਏ ਹਨ। ਮਾਮੂਲੀ ਆਮਦਨ ਵਧਾਉਣ ਦੀ ਖਾਤਿਰ ਕਲਾਕਾਰਾਂ ਦੇ ਅਰਮਾਨਾਂ ਨੂੰ ਕੁਚਲ ਦਿੱਤਾ ਗਿਆ ਹੈ।

29 ਜੁਲਾਈ ਨੂੰ ਜਦੋਂ ਖੁੱਲ੍ਹੀ ਸਟੇਜ ਉਤੇ ਵੀਰਵਾਰੀ ਪ੍ਰੋਗਰਾਮ ਅਧੀਨ ਕਲਾਸੀਕਲ ਸੰਗੀਤ ਹੋ ਰਿਹਾ ਸੀ ਤਾਂ ਬਾਹਰਲੇ ਵਿਹੜੇ ਵਿਚੋਂ ਕਲਾ ਪ੍ਰੀਸ਼ਦ ਦੇ ਮੁਰਦਾਬਾਦ ਹੋਣ ਦੀਆਂ ਆਵਾਜ਼ਾਂ ਵੀ ਆ ਰਹੀਆਂ ਹਨ। ਚੰਡੀਗੜ੍ਹ ਅਤੇ ਮੁਹਾਲੀ ਦੇ ਰੰਗਕਰਮੀ ਇਹ ਆਵਾਜ਼ਾਂ ਲਾ ਰਹੇ ਸਨ।

ਲੋੜ ਹੈ ਕਿ ਇਸ ਦਫਤਰਸ਼ਾਹੀ ਦੀ ਨੀਤੀ ਨੂੰ ਇਕਦਮ ਬਦਲਿਆ ਜਾਵੇ। ਪੰਜਾਬ ਕਲਾ ਪ੍ਰੀਸ਼ਦ ਕਲਾਕਾਰਾਂ ਦਾ ਕਲਾ ਕੇਂਦਰ ਹੋਣਾ ਚਾਹੀਦਾ ਹੈ। ਚਿੱਤਰਕਾਰ ਇਹਦੀਆਂ ਲੌਬੀਆਂ ਵਿਚ ਚਿੱਤਰ ਬਣਾਉਣ, ਸੈਮੀਨਾਰ ਹਾਲਾਂ ਵਿਚ ਗੋਸ਼ਟੀਆਂ ਹੋਣ, ਵਿਹੜਿਆਂ ਵਿਚ ਰੀਹਰਸਲਾਂ ਹੋਣ, ਓਪਨ ਏਅਰ ਥੀਏਟਰ ਵਿਚ ਨਾਟਕ ਹੋਣ, ਆਵਾਜ਼ਾਂ ਆਉਣ ਪੰਜਾਬ ਦੀ ਕਲਾ ਜ਼ਿੰਦਾਬਾਦ, ਪੰਜਾਬ ਕਲਾ ਪ੍ਰੀਸ਼ਦ ਜ਼ਿੰਦਾਬਾਦ, ਪੰਜਾਬ ਸੰਗੀਤ ਨਾਟਕ ਅਕੈਡਮੀ ਜ਼ਿੰਦਾਬਾਦ, ਪੰਜਾਬ ਸਾਹਿਤ ਅਕੈਡਮੀ ਜ਼ਿੰਦਾਬਾਦ, ਪੰਜਾਬ ਲਲਿਤ ਕਲਾ ਅਕੈਡਮੀ ਜ਼ਿੰਦਾਬਾਦ! ਇਸ ਸੰਕਲਪ ਨੂੰ ਹਕੀਕਤ ਬਣਾਉਣਾ ਮੁਸ਼ਕਲ ਨਹੀਂ। ਇਹਦੇ ਲਈ ਕਲਾਕਾਰਾਂ ਵਾਲੀ ਵਿਸ਼ਾਲ ਸੋਚ ਦੀ ਲੋੜ ਹੈ, ਵਪਾਰੀਆਂ ਵਾਲੀ ਸੌੜੀ ਸੋਚ ਦੀ ਲੋੜ ਨਹੀਂ।